# ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਐਸ.ਏ.ਐਸ ਨਗਰ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ - E , ਚੌਥੀ ਮੰਜਿਲ , ਫੇਸ - 8 ,ਐਸ.ਏ ਐਸ ਨਗਰ

(ਫੰਡ ਸ਼ਾਖਾ)

ਵੱਲ

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),ਪੰਜਾਬ।
2) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ, ਪੰਜਾਬ ਰਾਜ ਵਿੱਚ।
3) ਰਜਿਸਟਰਾਰ ਸਿੱਖਿਆ ਵਿਭਾਗ।

ਮੀਮੋ ਨੰ: 06/01-18 NPS ਫੰਡ1 (3)/2019-101-123
ਮਿਤੀ: ਐਸ.ਏ.ਐਸ ਨਗਰ 24/05/19

**ਵਿਸ਼ਾ:** ਪਰਾਨ ਡਾਟੇ ਦੀ ਰੀਕੋਂਸੀਲੇਸ਼ਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਕੂਲ ਸਿੱਖਿਆ ਵਿਭਾਗ ਦੇ ਸਮੂਹ ਵੰਡ ਤੇ ਵਿਵਰਣ ਅਧਿਕਾਰੀ (ਡੀ.ਡੀ.ਓਜ਼) ਉਨ੍ਹਾਂ ਨੂੰ ਨਵੀਂ ਪੈਨਸ਼ਨ ਸਕੀਮ ਤਹਿਤ ਜਾਰੀ ਲਾਗ-ਇੰਨ-ਆਈ.ਡੀ. ਤੋਂ ਉਨ੍ਹਾਂ ਅਧੀਨ ਕੰਮ ਕਰ ਰਹੇ ਨਵੀਂ ਪੈਨਸ਼ਨ ਸਕੀਮ ਵਾਲੇ ਸਾਰੇ ਕਰਮਚਾਰੀਆਂ ਦਾ ਭਰਤੀ ਦੀ ਮਿਤੀ ਤੋਂ 31-03-2019 ਤੱਕ ਦੀਆਂ ਸਟੇਟਮੈਂਟਾਂ ਜਨਰੇਟ ਕਰਕੇ ਤਨਖਾਹ ਬਿੱਲਾਂ/ਸ਼ਡਿਊਲਾਂ ਨਾਲ ਮਿਲਾਣ ਕਰਨ ਉਪਰੰਤ ਸਰਟੀਫਿਕੇਟ ਮੁੱਖ ਦਫਤਰ ਨੂੰ ਭੇਜਣਗੇ ਕਿ ਕਿਸੇ ਕਰਮਚਾਰੀ ਦਾ ਕੋਈ ਮੀਸਿੰਗ ਕਰੈਡਿਟ ਨਹੀਂ ਹੈ।

ਜੇਕਰ ਕਰਮਚਾਰੀ ਪਹਿਲਾਂ ਕਿਸੇ ਹੋਰ ਸਕੂਲ/ਦਫਤਰ ਵਿੱਚ ਤਇਨਾਤ ਸੀ ਤਾਂ ਉਸ ਸਕੂਲ/ਦਫਤਰ ਤੋਂ ਦਫਤਰੀ ਰਿਕਾਰਡ ਅਨੁਸਾਰ ਕਟੌਤੀਆਂ ਦਾ ਵੇਰਵਾ/ਸ਼ਡਿਊਲ ਪ੍ਰਾਪਤ ਕਰਕੇ ਕਰਮਚਾਰੀ ਦੇ ਖਾਤੇ ਦੀ ਆਨਲਾਈਨ ਜਨਰੇਟ ਕੀਤੀ ਸਟੇਟਮੈਂਟ ਨਾਲ ਮਿਲਾਨ ਕਰ ਲਿਆ ਜਾਵੇ। ਮੀਸਿੰਗ ਕਰੈਡਿਟ ਪਾਏ ਜਾਣ ਦੀ ਸੂਰਤ ਵਿੱਚ ਦਫਤਰ ਦੇ ਰਿਕਾਰਡ (ਪੇ-ਬਿੱਲ/ਸ਼ਡਿਊਲ) ਪੇਸ਼ ਕਰਕੇ ਜਿਲ੍ਹਾ ਖਜਾਨਾ ਅਫਸਰ ਰਾਹੀ ਐਡਜਸਟ ਕਰਵਾਏ ਜਾਣ।

ਜਿਲ੍ਹਾ ਸਿੱਖਿਆ ਅਫਸਰ ਵਲੋਂ ਉਨ੍ਹਾਂ ਦੇ ਅਧੀਨ ਸਕੂਲਾਂ/ਦਫਤਰਾਂ ਤੋਂ ਕਰਮਚਾਰੀਆਂ ਦੇ 100% ਪਰਾਨ ਖਾਤਿਆਂ ਦਾ ਮਿਲਾਣ ਹੋ ਜਾਣ/ਕੋਈ ਵੀ ਮੀਸਿੰਗ ਕਰੈਡਿਟ ਨਾ ਹੋਣ ਸਬੰਧੀ ਰਿਪੋਰਟਾਂ ਪ੍ਰਾਪਤ ਕਰਕੇ ਮਿਤੀ 15-06-2019 ਤੱਕ ਸੰਕਲਿਤ ਸਰਟੀਫਿਕੇਟ ਈ-ਮੇਲ supdt.fund.dpise@gmail.com ਤੇ ਭੇਜਿਆ ਜਾਵੇ।

ਡਿਪਟੀ ਕੰਟ੍ਰੋਲਰ (ਵਿੱਤ ਤੇ ਲੇਖਾ)